ਅਜੋਕੇ ਸ਼ਿਲਾਲੇਖ

ਜਨਵਰੀ-ਮਾਰਚ 2019

100 ਰੁਪਏ

# ਸੁਰਜੀਤ ਪਾਤਰ ਵਿਸ਼ੇਸ਼ ਅੰਕ



## ਨਵਾਂ ਸਾਲ ਮੁਬਾਰਕ

ਸਰਪ੍ਰਸਤ : ਸ੍ਰੀ ਪੂਰਨ ਪਿਆਸਾ
1995 ਤੋਂ ਲਗਾਤਾਰ ਪ੍ਰਕਾਸ਼ਿਤ ਹੋ ਰਿਹਾ

# ਅਜੋਕੇ ਸ਼ਿਲਾਲੇਖ

ਜਨਵਰੀ-ਮਾਰਚ 2019
100 ਰੁਪਏ

*ਸੰਪਾਦਕ*

**ਜੋਗਿੰਦਰ ਕੈਰੋਂ**
(M) 82643-06671 js_kairon@yahoo.co.in

**ਡਾ. ਰਵਿੰਦਰ**
(R) 01871-285053, (M) 98724-82378, ravihosp@gmail.com

*ਪਰਵਾਸੀ ਸੰਪਾਦਕ*

**ਮਹਿਤਾਬ ਸਿੰਘ ਕਾਹਲੋਂ** (M) 001-7039441110 USA
**ਹਰਮਨਪ੍ਰੀਤ ਸਿੰਘ ਪਨੂੰ** (M) 001-2099680400 USA

*ਪ੍ਰਬੰਧਕੀ ਸੰਪਾਦਕ*
**ਸ. ਨਰਿੰਦਰਪਾਲ ਸਿੰਘ**
(M) 98883-24402 kgt_nps@yahoo.co.in

**ਅਜੋਕੇ ਸ਼ਿਲਾਲੇਖ ਯੂ.ਜੀ.ਸੀ. ਨਾਲ ਵੀ ਰਜਿਸਟਰਡ ਹੈ।**

'ਅਜੋਕੇ ਸ਼ਿਲਾਲੇਖ' ਮੈਗਜ਼ੀਨ 5 ਸਾਲ ਲਈ ਮੰਗਵਾਉਣ ਵਾਸਤੇ 1000/- ਰੁਪਏ ਚੰਦਾ ਭੇਜ ਕੇ ਜਾਂ ਸਾਡੇ ਬੈਂਕ ਅਕਾਊਂਟ ਵਿਚ ਪੈਸੇ ਜਮ੍ਹਾਂ ਕਰਵਾ ਕੇ ਪ੍ਰਾਪਤ ਕਰ ਸਕਦੇ ਹੋ, ਜਿਸ ਦਾ ਨੰਬਰ ਇਸ ਪ੍ਰਕਾਰ ਹੈ :

Punjab National Bank, A/c No. 6273000100001071, IFS Code : Punb0627300

ਅਜੋਕੇ ਸ਼ਿਲਾਲੇਖ ਮੈਗਜ਼ੀਨ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ ਵੀ ਰਜਿਸਟਰਡ ਹੈ।

ਛਾਪਕ ਤੇ ਪ੍ਰਕਾਸ਼ਕ ਡਾ. ਜੋਗਿੰਦਰ ਸਿੰਘ ਕੈਰੋਂ ਨੇ ਕੇ.ਜੀ. ਗ੍ਰਾਫ਼ਿਕਸ, ਬੂਥ 8, ਯੂਨੀ. ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ ਤੋਂ ਟਾਈਪਸੈਟਿੰਗ ਕਰਵਾ ਕੇ, ਪ੍ਰਿੰਟਵੈੱਲ, 146, ਇੰਡ. ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ 43, ਗੁਰੂ ਤੇਗ ਬਹਾਦਰ ਨਗਰ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

P/AE 209

# ਰੈਫਰੀਡ ਪੈਨਲ


- ਡਾ. ਐੱਸ.ਪੀ. ਸਿੰਘ
  ਸਾਬਕਾ ਵਾਈਸ ਚਾਂਸਲਰ,
  ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
- ਡਾ. ਸੁਰਜੀਤ ਸਿੰਘ ਪਾਤਰ
  ਸਾਬਕਾ ਪ੍ਰੋਫੈਸਰ, ਪੰਜਾਬ ਐਗਰੀਕਲਚਰ
  ਯੂਨੀਵਰਸਿਟੀ, ਲੁਧਿਆਣਾ
- ਡਾ. ਗੁਰਮੀਤ ਸਿੰਘ
  ਸਾਬਕਾ ਮੁਖੀ ਪੰਜਾਬੀ ਅਧਿਐਨ ਸਕੂਲ,
  ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
- ਡਾ. ਹਰਚੰਦ ਸਿੰਘ ਬੇਦੀ
  ਪ੍ਰੋਫ਼ੈਸਰ ਐਮੀਰਟਸ,
  ਸਾਬਕਾ ਡਾਇਰੈਕਟਰ, ਸੈਂਟਰ ਫਾਰ ਇਮੀਗਰਾਂਟ
  ਸਟੱਡੀਜ਼, ਗੁਰੂ ਨਾਨਕ ਦੇਵ ਯੂਨੀਵਰਸਿਟੀ,
  ਅੰਮ੍ਰਿਤਸਰ
- ਡਾ. ਵਰਿਆਮ ਸਿੰਘ
  ਪ੍ਰਿੰਸੀਪਲ, ਬਾਬਾ ਬੁੱਢਾ ਕਾਲਜ, ਤਰਨਤਾਰਨ
- ਡਾ. ਪਰਮਜੀਤ ਸਿੰਘ ਢੀਂਗਰਾ
  ਡਾਇਰੈਕਟਰ, ਪੰਜਾਬ ਯੂਨੀ. ਰਿਜ਼ਨਲ ਸੈਂਟਰ,
  ਮੁਕਤਸਰ
- ਡਾ. ਭੁਪਿੰਦਰ ਸਿੰਘ ਖਹਿਰਾ
  ਸਾਬਕਾ ਮੁਖੀ, ਪੱਤਰ ਵਿਹਾਰ ਵਿਭਾਗ,
  ਪੰਜਾਬੀ ਯੂਨੀਵਰਸਿਟੀ, ਪਟਿਆਲਾ
- ਡਾ. ਨਾਹਰ ਸਿੰਘ
  ਸਾਬਕਾ ਮੁਖੀ, ਪੰਜਾਬੀ ਵਿਭਾਗ,
  ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ



ਟਾਈਟਲ ਡਿਜ਼ਾਈਨ: ਅੰਕੁਰ ਸਿੰਘ ਪਾਤਰ


# ਤਤਕਰਾ


1. ਹੇਠ ਵਗੇ ਦਰਿਆ - ਡਾ. ਰਵਿੰਦਰ 4
2. ਮੁਰਸ਼ਦ-ਨਾਮਾ - ਸੁਖਵਿੰਦਰ ਅੰਮ੍ਰਿਤ 5
3. ਉਦਾਸ ਹਨ੍ਹੇਰਾ ਇੰਜ ਲਿਖਦਾ ਹੈ - ਸੁਰਜੀਤ ਮਾਨ 6
4. ਉਤ੍ਹਾ ਰੋਟੀ - ਅਮਰਜੀਤ ਚੰਦਨ 8
5. ਕੁਝ ਸ਼ਬਦ ਮੇਰੇ ਵੱਲੋਂ... ਜੋਗਿੰਦਰ ਸਿੰਘ ਕੈਰੋਂ (ਡਾ.) 10
6. ਸੁਰਜੀਤ ਪਾਤਰ ਦੇ ਸੱਤ ਖ਼ੂਨ ਮੁਆਫ਼ 11
   ਮਨਜੀਤਪਾਲ ਕੌਰ (ਡਾ.)
7. 'ਅਸੀਂ ਚਾਰੇ ਛੋਟੇ ਕੱਦ ਦੇ ਹਾਂ'-ਪਾਤਰ-ਮੁਖਤਿਆਰ ਸਿੰਘ 11
8. ਸ਼ੁਧ ਕਾਵਿ ਪਾਤਰ ਦਾ - ਰਣਜੀਤ ਸਿੰਘ ਰੰਗੀਲਾ 12
9. ਸੱਚ ਦਾ ਪਹਿਰੇਦਾਰ: ਸੁਰਜੀਤ ਪਾਤਰ 14
   ਪ੍ਰਿੰਸੀਪਲ (ਡਾ.) ਵਰਿਆਮ ਸਿੰਘ ਬੱਲ
10. ਸੁਰਜੀਤ ਪਾਤਰ ਦੇ ਗਜ਼ਲ-ਸੰਗ੍ਰਹਿ 'ਸੁਰਜ਼ਮੀਨ' ਦੇ ਥੀਮਿਕ ਪਾਸਾਰ 16
    ਸੁਹਿੰਦਰ ਬੀਰ (ਪ੍ਰੋ.), ਜਸਬੀਰ ਕੌਰ
11. ਸੁਰਜੀਤ ਪਾਤਰ ਰਚਿਤ 'ਲੱਗੀ ਨਜ਼ਰ ਪੰਜਾਬ ਨੂੰ': ਲੋਕਧਾਰਾਈ ਪਾਸਾਰ 21
    ਡਾ. ਦਰਿਆ
12. ਸੁਰਜੀਤ ਪਾਤਰ ਰਚਿਤ ਬਾਲ-ਕਾਵਿ ਦੇ ਵਿਭਿੰਨ ਪਰਿਪੇਖ 23
    ਦਰਸ਼ਨ ਸਿੰਘ 'ਆਸ਼ਟ' (ਡਾ.)
13. ਹਰ ਪਲ ਕਲਾ ਖਾਤਰ: ਸੁਰਜੀਤ ਪਾਤਰ 28
    ਜੁਗਿੰਦਰ ਸਿੰਘ 'ਫੁੱਲ'
14. ਸੁਰਜੀਤ ਪਾਤਰ ਦੀ ਕਵਿਤਾ ਦੀ ਵਿਲੱਖਣਤਾ (ਕੋਲਾਜ ਕਿਤਾਬ ਤੋਂ ਲੈ ਕੇ ਚੰਨ ਸੂਰਜ ਦੀ ਵਹਿੰਗੀ ਤਕ) 30
    ਆਤਮ ਸਿੰਘ ਰੰਧਾਵਾ (ਡਾ.)
15. ਲਫ਼ਜ਼ਾਂ ਦੀ ਦਰਗਾਹ ਪੁਸਤਕ ਦੇ ਆਧਾਰ 'ਤੇ ਸੁਰਜੀਤ ਪਾਤਰ ਦੀ ਕਵਿਤਾ ਦੇ ਕਲਾਤਮਕ ਪੱਖ 41
    ਡਾ. ਸੁਖਵੀਰ ਕੌਰ
16. ਅਨੁਭਵ ਤੋਂ ਚੇਤਨਾ ਦਾ ਸਫ਼ਰ: ਸੁਰਜੀਤ ਪਾਤਰ ('ਬਿਰਖ ਅਰਜ਼ ਕਰੇ' ਪੁਸਤਕ ਦੇ ਅਧਾਰ 'ਤੇ) 43
    ਗੁਰਦੇਵ ਸਿੰਘ
17. ਹਨ੍ਹੇਰੇ ਵਿਚ ਸੁਲਗਦੀ ਵਰਣਮਾਲਾ : ਪ੍ਰਵਚਨ ਪਾਸਾਰ 45
    ਡਾ. ਸੁਖਰਾਜ ਸਿੰਘ
18. ਸੁਰਜੀਤ ਪਾਤਰ ਦੀ ਕਵਿਤਾ ਵਿਚ ਗਹਿਣਿਆਂ ਦੀ ਪ੍ਰਤੀਕਾਤਮਕਤਾ 47
    ਰਾਜਵੰਤ ਕੌਰ 'ਪੰਜਾਬੀ' (ਡਾ.)
19. ਸੁਰਜੀਤ ਪਾਤਰ ਕਾਵਿ: ਮਨੁੱਖੀ ਸਮੱਸਿਆਵਾਂ ਦਾ ਕੈਨਵਸ 50
    ਡਾ. ਹਰਜੋਤ ਕੌਰ
20. ਸੁਰਜੀਤ ਪਾਤਰ ਦੀ ਕਵਿਤਾ ਦੇ ਸਰੋਕਾਰ 52
    ਡਾ. ਜਸਬੀਰ ਕੌਰ
21. 'ਲਫ਼ਜ਼ਾਂ ਦੀ ਦਰਗਾਹ' : ਆਲੋਚਨਾਤਮਿਕ ਅਧਿਐਨ 55
    ਡਾ. ਕਰਮਜੀਤ ਕੌਰ
22. ਪੂਰਨ ਭਗਤ ਦੀ ਕਾਵਿ ਪਰੰਪਰਾ ਅਤੇ (ਸੁਰਜੀਤ ਪਾਤਰ ਦੁਆਰਾ ਰੂਪਾਂਤਰਿਤ) ਯੂਨਾਨ ਦੀ ਲੂਣਾ : ਤੁਲਨਾਤਮਕ ਪਰਿਪੇਖ 57
    ਹਰਦੀਪ ਕੌਰ

23. ਸੁਰਜੀਤ ਪਾਤਰ ਦੇ ਕਾਵਿ-ਚਿੰਤਨ ਵਿਚ ਸਭਿਆਚਾਰਕ ਸਰੋਕਾਰ — 61
ਰਾਜਵਿੰਦਰ ਕੌਰ ਹੁੰਦਲ (ਡਾ.)

24. ਸੁਰਜੀਤ ਪਾਤਰ ਦੀ ਕਵਿਤਾ ਵਿਚਲੀ ਸੁਹਜ ਚੇਤਨਾ (ਲਫ਼ਜ਼ਾਂ ਦੀ ਦਰਗਾਹ) — 64
ਡਾ. ਰੁਪਿੰਦਰ ਕੌਰ ਗਿੱਲ

25. ਸੁਰਜੀਤ ਪਾਤਰ ਰਚਿਤ 'ਹਨੇਰੇ ਵਿਚ ਸੁਲਗਦੀ ਵਰਣਮਾਲਾ': ਸੁਹਜ ਸਿਰਜਣਾ ਦਾ ਮਾਡਲ — 66
ਸ਼ਰਨਜੀਤ ਕੌਰ

26. ਸੁਰਜੀਤ ਪਾਤਰ ਦੀ ਕਵਿਤਾ - ਸੁਖਵਿੰਦਰ ਕੌਰ (ਡਾ.) — 70

27. ਸੁਰਜੀਤ ਪਾਤਰ ਦੀ ਕਵਿਤਾ ਦਾ ਨਾਟਕੀ-ਰੂਪਾਂਤਰਣ: ਸਰੋਕਾਰ ਅਤੇ ਸੰਦਰਭ — 73
ਗੁਰਮੀਤ ਸਿੰਘ ਹੁੰਦਲ (ਡਾ.)

28. ਸੁਰਜੀਤ ਪਾਤਰ ਦੀ ਕਾਵਿ ਕੀਰਤੀ 'ਸੁਰਜ਼ਮੀਨ' ਦਾ ਕਲਾਤਮਿਕ ਪੱਖ — 76
ਗੁਰਬਿੰਦਰ ਕੌਰ

29. ਸੁਰਜੀਤ ਪਾਤਰ ਕਾਵਿ: ਲੋਕਧਾਰਾਈ ਅਧਿਐਨ - ਡਾ. ਸੋਨਾ — 80

30. ਸੁਰਜੀਤ ਪਾਤਰ ਦੀ ਕਵਿਤਾ ਦਾ ਥੀਮਕ ਪਾਸਾਰ ('ਲਫ਼ਜ਼ਾਂ ਦੀ ਦਰਗਾਹ' ਦੇ ਅਧਾਰ ਤੇ) — 83
ਸਰਬਜੀਤ ਕੌਰ

31. ਸੁਰਜੀਤ ਪਾਤਰ ਦੀ ਗ਼ਜ਼ਲ ਦਾ ਰੂਪ-ਪ੍ਰਬੰਧ (ਸੁਰਜ਼ਮੀਨ ਗ਼ਜ਼ਲ-ਸੰਗ੍ਰਹਿ ਦੇ ਵਿਸ਼ੇਸ਼ ਸੰਧਰਭ ਵਿਚ) — 87
ਬਲਜਿੰਦਰ ਕੌਰ

32. ਸੁਰਜੀਤ ਪਾਤਰ ਦੀ ਕਾਵਿ-ਰਚਨਾ — 92
ਮਨਿੰਦਰਜੀਤ ਕੌਰ (ਡਾ.)

33. ਸਮਕਾਲ ਅਤੇ ਸੁਰਜੀਤ ਪਾਤਰ ('ਆਇਆ ਨੰਦ ਕਿਸ਼ੋਰ' ਦੇ ਸੰਦਰਭ ਵਿਚ) — 94
ਡਾ. ਯਾਦਵਿੰਦਰ ਕੌਰ

34. ਲਫ਼ਜ਼ਾਂ ਦੀ ਦਰਗਾਹ: ਇਕ ਅਧਿਐਨ - ਪ੍ਰੇਮ ਸਿੰਘ (ਡਾ.) — 98

35. ਸਮਾਜ ਦੇ ਹਰ ਪਹਿਲੂ ਦਾ ਪਾਤਰ: ਸੁਰਜੀਤ ਪਾਤਰ (ਹਵਾ ਵਿਚ ਲਿਖੇ ਹਰਫ਼ ਦੇ ਸੰਦਰਭ ਵਿਚ) — 101
ਹਰਮਨਦੀਪ ਕੌਰ ਬਿੰਦਰਾ (ਡਾ.)

36. ਸੁਰਜੀਤ ਪਾਤਰ ਦੇ ਪ੍ਰਗੀਤ ਕਾਵਿ ਵਿਚ ਸਭਿਆਚਾਰਕ ਅੰਸ਼ — 103
ਕੁਲਜੀਤ ਕੌਰ

37. ਹਵਾ ਵਿਚ ਲਿਖੇ ਹਰਫ਼: ਮਾਨਸਿਕ ਦਵੰਦ — 106
ਰਮਨਦੀਪ ਕੌਰ

38. ਹਨ੍ਹੇਰੇ ਵਿਚ ਸੁਲਗਦੀ ਵਰਣਮਾਲਾ: ਅਜੋਕੇ ਮਨੁੱਖ ਦੀ ਦਾਸਤਾਨ — 110
ਡਾ. ਕਾਰਜ ਸਿੰਘ

39. ਸੁਰਜੀਤ ਪਾਤਰ ਕਾਵਿ : ਵਿਚਾਰਧਾਰਾਈ ਅਧਿਐਨ — 111
ਮਲਕੀਅਤ ਸਿੰਘ, ਸਰਬਜੀਤ ਸਿੰਘ (ਡਾ.)

40. ਸੁਰਜੀਤ ਪਾਤਰ ਕਾਵਿ ਵਿਚ ਪਰਵਾਸ ਸੰਵੇਦਨਾ — 114
ਸਤਿੰਦਰਜੀਤ ਸਿੰਘ, ਰਜਨੀ ਹੰਸ

41. ਪੰਜਾਬੀ ਸਮਾਜ ਸਭਿਆਚਾਰ ਦੀ ਤਰਜਮਾਨੀ ਕਰਦਾ ਪਾਤਰ ਕਾਵਿ — 116
ਮਨਜੀਤ ਕੌਰ

42. ਪਾਤਰ ਦੀ ਕਵਿਤਾ ਦੇ ਵਿਭਿੰਨ ਪਸਾਰ — 119
ਸਰਵਨ ਸਿੰਘ ਸਮਰਾ

43. ਲਫ਼ਜ਼ਾਂ ਦੀ ਦਰਗਾਹ : ਕਾਵਿ ਸਰੋਕਾਰ — 121
ਰੁਪਿੰਦਰ ਕੌਰ (ਡਾ.)

44. ਸੁਰਜੀਤ ਪਾਤਰ ਦੁਆਰਾ ਰਚਿਤ ਗੀਤ 'ਵਹਿੰਗੀ' ਦਾ ਲੋਕਧਾਰਾਈ ਪੱਖ ਤੋਂ ਅਧਿਐਨ — 123
ਗੁਰਪਿੰਦਰ ਕੌਰ ਬਾਜਵਾ

45. ਹਵਾ ਵਿਚ ਲਿਖੇ ਹਰਫ਼: ਮਹਾਨਗਰੀ ਮਾਨਵ ਦੀ ਉਪਰਾਮਤਾ — 126
ਡਾ. ਪੂਜਾ

46. ਪਾਤਰ ਰਚਿਤ ਕਵਿਤਾ 'ਧਰਤੀ': ਦਹਿਸ਼ਤ ਅਤੇ ਵਹਿਸ਼ਤ ਦਾ ਮੰਜ਼ਰ — 128
ਗੁਰਵਿੰਦਰ ਕੌਰ (ਡਾ.)

47. ਨਾਰੀ ਦੀ ਹੋਂਦ ਅਤੇ ਹੋਣੀ ਦਾ ਨਾਟਕੀ ਪ੍ਰਵਚਨ: ਅੱਗ ਦੇ ਕਲੀਰੇ — 131
ਹਰਜਿੰਦਰ ਸਿੰਘ (ਡਾ.)

48. ਹਵਾ ਵਿਚ ਲਿਖੇ ਹਰਫ਼: ਬਿੰਬ ਵਿਧਾਨ — 134
ਸੁਖਬੀਰ ਕੌਰ

49. ਸਮਕਾਲੀ ਪੰਜਾਬੀ ਕਵਿਤਾ ਦਾ ਮਕਬੂਲ ਸ਼ਾਇਰ : ਸੁਰਜੀਤ ਪਾਤਰ — 137
ਮੀਨਾਕਸ਼ੀ ਰਾਣੀ

50. ਸੁਰਜੀਤ ਪਾਤਰ : ਕਾਵਿ ਸਰੋਕਾਰ ('ਹਵਾ ਵਿਚ ਲਿਖੇ ਹਰਫ਼' ਦੇ ਸੰਦਰਭ ਵਿਚ) — 140
ਰਮਨਦੀਪ ਕੌਰ

51. ਸੁਰਜੀਤ ਪਾਤਰ ਦੇ ਕਾਵਿ ਸੰਗ੍ਰਹਿ ਸੁਰ-ਜ਼ਮੀਨ ਦੇ ਕਾਵਿ ਸਰੋਕਾਰ — 142
ਨਵਦੀਪ ਕੌਰ

52. ਪਾਤਰ ਕਾਵਿ-ਜੀਵਨ ਦੇ ਸਹਿਜ ਮਾਰਗ ਦਾ ਕਾਵਿ — 144
ਰਵਿੰਦਰ ਕੌਰ

53. ਸੰਵਾਦ ਦਾ ਸ਼ਾਇਰ : ਸੁਰਜੀਤ ਪਾਤਰ (ਹਨੇਰੇ ਵਿਚ ਸੁਲਗਦੀ ਵਰਣਮਾਲਾ ਦੇ ਵਿਸ਼ੇਸ਼ ਸੰਦਰਭ ਵਿਚ) — 148
ਗੁਰਪ੍ਰੀਤ ਕੌਰ (ਡਾ.)

54. ਵਾਰਤਕ ਦੇ ਵਿਭਿੰਨ ਰੰਗਾਂ ਦਾ ਸਮਾਵੇਸ਼ : ਸੂਰਜ ਮੰਦਰ ਦੀਆਂ ਪੌੜੀਆਂ — 150
ਪਰਮੀਤ ਕੌਰ (ਡਾ.)

55. ਸੁਰਜੀਤ ਪਾਤਰ ਕਾਵਿ ਦਾ ਪਰਾਹਨ ਵਿਧੀ ਅਧਿਐਨ — 153
ਸੰਦੀਪ ਕੌਰ (ਡਾ.)

56. ਸੁਰਜੀਤ ਪਾਤਰ ਦੀ ਕਵਿਤਾ ਵਿਚ ਪੇਸ਼ ਮਿਥਿਹਾਸਕ ਹਵਾਲੇ — 157
ਹਰਪ੍ਰੀਤ ਕੌਰ (ਡਾ.)

57. 'ਸੁੰਨੇ ਸੁੰਨੇ ਰਾਹਾਂ ਵਿਚ' ਗੀਤ ਦੇ ਥੀਮਕ ਪਾਸਾਰ — 159
ਸਿਮਰਜੀਤ ਸਿੰਘ

58. ਸੁਰਜੀਤ ਪਾਤਰ ਕਾਵਿ ਦੇ ਪ੍ਰਮੁੱਖ ਸਰੋਕਾਰ — 164
ਅਮਨਦੀਪ ਹੀਰਾ (ਡਾ.)

59. ਪਾਤਰ ਕਾਵਿ : ਸਮਾਜਿਕ ਯਥਾਰਥ ਦਾ ਚਿਤਰਨ — 167
ਸਤਨਾਮ ਕੌਰ ਰੰਧਾਵਾ (ਡਾ.)

60. ਪਾਤਰ ਦੀ ਕਵਿਤਾ: ਪਰਿਵਾਰਕ ਸਰੋਕਾਰਾਂ ਦੀ ਤਰਜਮਾਨੀ — 169
ਹਰਿੰਦਰ ਸਿੰਘ ਤੁੜ (ਡਾ.)

61. ਵਿਲੱਖਣ ਪ੍ਰਤਿਭਾ : ਸੁਰਜੀਤ ਪਾਤਰ — 171
ਹਰਪ੍ਰੀਤ ਸਿੰਘ ਹੁੰਦਲ (ਡਾ.)

# ਨਾਰੀ ਦੀ ਹੋਂਦ ਅਤੇ ਹੋਣੀ ਦਾ ਨਾਟਕੀ ਪ੍ਰਵਚਨ: ਅੱਗ ਦੇ ਕਲੀਰੇ

ਹਰਜਿੰਦਰ ਸਿੰਘ (ਡਾ.)

'ਅੱਗ ਦੇ ਕਲੀਰੇ' ਨਾਟਕ ਸੁਰਜੀਤ ਪਾਤਰ ਦੁਆਰਾ ਰੂਪਾਂਤਰਿਤ ਸਪੈਨਿਸ਼ ਨਾਟਕਕਾਰ ਲੋਰਕਾ ਦੇ ਨਾਟਕ 'ਬਲੱਡ ਵੈਡਿੰਗ' ਦਾ ਪੰਜਾਬੀ ਰੂਪ ਹੈ। ਸੁਰਜੀਤ ਪਾਤਰ ਨੇ ਇਸ ਨਾਟਕ ਨੂੰ ਰੂਪਾਂਤਰਿਤ ਕਰਦਿਆਂ ਨਾ-ਕੇਵਲ ਇਸ ਦੇ ਸਮੁੱਚੇ ਆਭਾ-ਮੰਡਲ ਦਾ ਪੰਜਾਬੀਕਰਨ ਕਰ ਦਿੱਤਾ ਹੈ ਸਗੋਂ ਇਸ ਨਾਟਕ ਰਾਹੀਂ ਪੰਜਾਬੀ ਸਮਾਜ ਦੀਆਂ ਕਈ ਮਹੀਨ ਪਰਤਾਂ ਨੂੰ ਵੀ ਅਗਰਭੂਮੀ 'ਤੇ ਲੈ ਆਂਦਾ ਹੈ ਕਿਉਂਕਿ 'ਨਾਟਕ ਦੂਸਰੇ ਕਲਾ ਰੂਪਾਂ ਦੀ ਤੁਲਨਾ ਵਿਚ ਜ਼ਿਆਦਾ ਸਮਾਜਿਕ ਹੁੰਦਾ ਹੈ'[1] ਇਸ ਲਈ ਨਾਟਕ ਰਾਹੀਂ ਸਮਾਜਿਕ ਗੁੰਝਲਾਂ ਨੂੰ ਸਮੱਗਰ ਰੂਪ ਵਿਚ ਸਮਝਣਾ ਵਧੇਰੇ ਕਾਰਗਰ ਸਾਬਤ ਹੁੰਦਾ ਹੈ। ਸਮਾਜ-ਸਭਿਆਚਾਰਕ ਗੁੰਝਲਾ ਦੀ ਪੇਸ਼ਕਾਰੀ ਦੀ ਦ੍ਰਿਸ਼ਟੀ ਤੋਂ 'ਇਹ ਬਹੁਤ ਸ਼ਿੱਦਤ ਭਰਿਆ ਨਾਟਕ ਹੈ, ਬੇਮਿਸਾਲ ਨਾਟਕੀਅਤਾ ਅਤੇ ਮਹਾਨ ਕਾਵਿਕਤਾ ਨਾਲ ਮਘਦਾ। ਇਸ ਵਿਚ ਚੰਨ ਵੀ ਇਕ ਪਾਤਰ ਹੈ ਤੇ ਹੋਣੀ ਵੀ ਇਕ ਬੁੱਢੀ ਮੰਗਤੀ ਬਣ ਕੇ ਘੁੰਮਦੀ ਹੈ'[2] ਮੂਲ ਨਾਟਕ ਵਿਚਲੀ ਨਾਟਕੀਅਤਾ ਅਤੇ ਕਾਵਿਕਤਾ ਨੂੰ ਬਰਕਰਾਰ ਰੱਖਣ ਅਤੇ ਉਸ ਦਾ ਪੰਜਾਬੀਕਰਨ ਕਰਨ ਲਈ ਸੁਰਜੀਤ ਪਾਤਰ ਨੇ ਪੰਜਾਬੀ ਲੋਕਧਾਰਾਈ ਸਮੱਗਰੀ ਅਤੇ ਸਭਿਆਚਾਰਕ ਚਿਹਨਾਂ ਨੂੰ ਨਾਟਕ ਦੀ ਵੱਥ ਵਿਚ ਸਮੋ ਦਿੱਤਾ ਹੈ। ਸੁਰਜੀਤ ਪਾਤਰ ਦੀ ਧਾਰਨਾ ਹੈ ਕਿ ਅੱਗ ਦੇ ਕਲੀਰੇ, ਬਲੱਡ ਵੈਡਿੰਗ ਦਾ ਅਨੁਵਾਦ ਨਹੀਂ ਹੈ, ਪੰਜਾਬੀ ਰੰਗਮੰਚ ਨੂੰ ਧਿਆਨ ਵਿਚ ਰੱਖ ਕੇ ਕੀਤਾ ਗਿਆ ਰੂਪਾਂਤਰ ਹੈ। ਕਈ ਵਾਰ ਇਹ ਰੂਪਾਂਤਰ ਦੇ ਕਿਨਾਰਿਆਂ ਤੋਂ ਵੀ ਛਲਕ ਜਾਂਦਾ ਹੈ'[3] ਜ਼ਾਹਿਰ ਹੈ, ਨਾਟ-ਪਾਠ ਨੇ ਨਾ-ਕੇਵਲ ਰੰਗਮੰਚੀ ਤਕਾਜ਼ਿਆਂ ਅਨੁਸਾਰ ਆਪਣੀ ਹੋਂਦ ਗ੍ਰਹਿਣ ਕਰਨੀ ਹੁੰਦੀ ਹੈ ਸਗੋਂ 'ਕਿਸੇ ਖਿਤੇ ਦੇ ਸਭਿਆਚਾਰ ਦੀਆਂ ਕੀਮਤਾਂ ਅਤੇ ਨੈਤਿਕ-ਸਮਾਜਿਕ ਮਿਆਰ ਵੀ ਨਾਟ-ਪਾਠ ਦੀਆਂ ਸੀਮਾਵਾਂ ਤੈਅ ਕਰਦੇ ਹਨ। ਮੰਚ ਉਪਰ ਜੋ ਪ੍ਰਸਤੁਤ ਹੁੰਦਾ ਹੈ, ਉਹ ਦਰਸ਼ਕਾਂ ਦੀ ਸਭਿਆਚਾਰਕ ਮਰਿਆਦਾ ਨੂੰ ਇਕੋ ਛਲਾਂਘ ਵਿਚ ਪਾਰ ਨਹੀਂ ਕਰ ਸਕਦਾ।'[4] ਇਸ ਲਈ ਨਾਟਕ ਵਰਗੀ ਸਮੂਹਿਕ ਕਲਾ ਦਾ ਰੂਪਾਂਤਰ ਕਰਦਿਆਂ ਸੰਬੰਧਤ ਖਿਤੇ ਦੀ ਸਭਿਆਚਾਰਕ ਭਾਸ਼ਾ ਅਤੇ ਰਹੁ-ਰੀਤਾਂ ਪ੍ਰਤਿ ਵਧੇਰੀ ਸੰਜੀਦਗੀ ਅਤੇ ਬਹੁ-ਪੱਖੀ ਦ੍ਰਿਸ਼ਟੀ ਦਾ ਧਾਰਨੀ ਹੋਣਾ ਅਨਿਵਾਰੀ ਹੋ ਜਾਂਦਾ ਹੈ। ਇਸ ਪ੍ਰਸੰਗ ਵਿਚ ਸੁਰਜੀਤ ਪਾਤਰ ਦਾ ਇਹ ਯਤਨ ਨਾ-ਕੇਵਲ ਸ਼ਲਾਘਾ ਯੋਗ ਹੈ ਸਗੋਂ ਪ੍ਰੇਰਨਾਦਾਇਕ ਵੀ ਸਾਬਤ ਹੁੰਦਾ ਹੈ।

'ਅੱਗ ਦੇ ਕਲੀਰੇ' ਨਾਟਕ ਵਿਚੋਂ ਅਗਰਭੂਮਿਤ ਹੋ ਰਿਹਾ ਸਮਾਜ-ਸਭਿਆਚਾਰ ਮਰਦ-ਪ੍ਰਧਾਨ ਆਰਥਿਕ-ਪ੍ਰਬੰਧ ਵਾਲਾ ਹੈ। ਆਰਥਿਕਤਾ ਦਾ ਆਧਾਰ ਜ਼ਮੀਨ ਹੈ ਤੇ ਜ਼ਮੀਨ 'ਤੇ ਮਾਲਕੀ ਅਧਿਕਾਰ ਮਰਦ ਦਾ ਹੋਣ ਕਰਕੇ ਜੀਵਨ ਦੇ ਹਰ ਖੇਤਰ ਵਿਚ ਮਰਦ ਦੀ ਪ੍ਰਭੂਸੱਤਾ (Hegemony) ਬਣੀ ਰਹਿੰਦੀ ਹੈ ਤੇ ਨਾਰੀ ਨੂੰ ਸ਼ੋਸ਼ਿਤ ਧਿਰ ਬਣਾ ਕੇ ਹਾਸ਼ੀਏ 'ਤੇ ਵਿਚਰਣ ਲਈ ਮਜ਼ਬੂਰ ਕਰ ਦਿੱਤਾ ਜਾਂਦਾ ਹੈ। ਆਰਥਿਕ ਕਾਣੀ-ਵੰਡ ਦੇ ਆਧਾਰ 'ਤੇ ਉਸਰੇ ਮਰਦ-ਪ੍ਰਧਾਨ ਸਮਾਜ-ਸਭਿਆਚਾਰ ਵਿਚ 'ਮਰਦ ਹਮੇਸ਼ਾ ਨਾਰੀ ਦੀ ਹੋਂਦ ਤੇ ਜਜ਼ਬਿਆਂ ਨੂੰ ਛਿਲ-ਤਰਾਸ਼ ਕੇ ਆਪਣੇ ਮੇਚ ਦਾ ਕਰਨ ਦਾ ਯਤਨ ਕਰਦਾ ਰਿਹਾ ਹੈ। ਇਨ੍ਹਾਂ ਅਣਸੁਖਾਵੀਆਂ ਸਮਾਜਕ ਪਰਿਸਥਿੱਤੀਆਂ ਵਿਚ ਔਰਤ ਦੀ ਹੋਂਦ ਵਸਤੂ ਬਣੀ ਪ੍ਰਤੀਤ ਹੁੰਦੀ ਹੈ'[5] ਨਾਰੀ ਦੀ ਵਸਤੂ ਰੂਪੀ ਹੋਂਦ ਨੂੰ ਜਿਉਂ ਦਾ ਤਿਉਂ ਬਣਾਈ ਰੱਖਣ ਵਿਚ ਮਰਦ ਪ੍ਰਧਾਨ ਸਮਾਜ ਵੱਲੋਂ ਘੜੇ ਸਭਿਆਚਾਰਕ ਪ੍ਰਤਿਮਾਨ ਨੁਮਾਇਆ ਭੂਮਿਕਾ ਨਿਭਾਉਂਦੇ ਹਨ। ਇਹ ਪ੍ਰਤਿਮਾਨ ਨਾਰੀ 'ਤੇ ਅਣਗਿਣਤ ਬੰਦਿਸ਼ਾਂ/ਰੋਕਾਂ ਆਇਦ ਕਰਦੇ ਹਨ ਪਰੰਤੂ ਮਰਦ ਨੂੰ ਖੁਲ੍ਹਾਂ ਪ੍ਰਦਾਨ ਕਰਦੇ ਹਨ। ਨਾਰੀ ਦੀ ਸਮਾਜ ਸਭਿਆਚਾਰਕ ਵਰਜਨਾਵਾਂ ਦੀ ਚਾਰ-ਦੀਵਾਰੀ ਵਿਚ ਘਿਰੀ ਹੋਂਦ ਅਤੇ ਦੁਖਾਂਤਕ ਹੋਣੀ ਨੂੰ 'ਅੱਗ ਦੇ ਕਲੀਰੇ' ਨਾਟਕ ਵਿਚੋਂ ਸਪੱਸ਼ਟ ਪਛਾਣਿਆਂ ਜਾ ਸਕਦਾ ਹੈ। ਵਿਸ਼ਵ-ਸਾਹਿਤ ਚਿੰਤਨ ਵਿਚ ਨਾਰੀ ਦੀ ਹੋਂਦ ਅਤੇ ਹੋਣੀ ਨੂੰ ਨਿਸ਼ਚਿਤ ਕਰਨ ਵਾਲੇ ਕਾਰਕਾਂ ਨੂੰ ਪ੍ਰਮੁਖਤਾ ਨਾਲ ਵਿਚਾਰਿਆ ਗਿਆ ਹੈ। 'ਨਾਰੀ ਹੋਂਦ ਦੇ ਪਛਾਣ ਚਿੰਨ੍ਹ ਮਾਨਵ-ਵਿਗਿਆਨ, ਅਰਥ-ਸ਼ਾਸਤਰ ਤੇ ਸਿੱਖਿਆ, ਜੀਵ-ਵਿਗਿਆਨ ਆਦਿ ਦੇ ਗਹਿਣ ਅਧਿਐਨ ਤੋਂ ਪਛਾਣੇ ਜਾ ਸਕਦੇ ਹਨ। ਕੇਟ ਮਿੱਲਟ ਆਪਣੀ ਪੁਸਤਕ 'ਸੈਕਸੁਅਲ ਪੌਲਿਟਿਕਸ' ਵਿਚ ਸ਼ਕਤੀ ਆਧਾਰਿਤ ਪ੍ਰਭੂਤਾ ਦੇ ਸੰਕਲਪ ਦੀ ਗੱਲ ਕਰਦੀ ਹੈ। ਪੱਛਮੀ ਚਿੰਤਕ ਫੂਕੋ ਤੇ ਗ੍ਰਾਮਸ਼ੀ ਇਕ ਵਰਗ ਦੀ ਦੂਜੇ ਵਰਗ 'ਤੇ ਪ੍ਰਭੂਤਾ ਦੀ ਸਥਾਪਤੀ ਦੀ ਗੱਲ ਕਰਦੇ ਹਨ, ਕੇਟ ਦਾ ਸੰਕਲਪ ਵੀ ਇਸੇ ਦੇ ਨੇੜੇ-ਤੇੜੇ ਹੀ ਹੈ। ਇਥੇ ਇਕ ਵਰਗ ਦੀ ਦੂਜੇ 'ਤੇ ਸ਼ਕਤੀ ਆਧਾਰਿਤ ਪ੍ਰਭੂਤਾ ਦੀ ਪਛਾਣ ਤਾਂ ਸਾਂਝੀ ਹੈ ਪਰ ਕੇਟ ਮਿੱਲਟ ਨੇ ਇਸ ਨੂੰ ਪੁਰਖ ਵਰਗ ਦੀ ਨਾਰੀ ਵਰਗ ਭਾਵ ਲਿੰਗਕ ਪ੍ਰਭੂਤਾ ਨਾਲ ਜੋੜ ਦਿੱਤਾ ਜੋ ਕਿ ਲਿਗੰਕ ਰਾਜਨੀਤੀ ਹੈ।'[6] ਜ਼ਾਹਿਰ ਹੈ, ਇਸ ਰਾਜੀਤੀ ਦੀ ਪਿੱਠਭੂਮੀ ਵਿਚ ਮਰਦ-ਪ੍ਰਧਾਨ ਸਮਾਜ ਦੀ ਆਰਥਿਕ ਕਾਣੀ-ਵੰਡ ਅਤੇ ਅਖੌਤੀ ਸਭਿਆਚਾਰਕ ਕਦਰਾਂ-ਕੀਮਤਾਂ ਕਾਰਜਸ਼ੀਲ ਹਨ ਜਿਹੜੀਆਂ ਮਰਦ ਨੇ ਆਪਣੀ ਪ੍ਰਭੂਸੱਤਾ ਬਣਾਈ ਰੱਖਣ ਲਈ ਵਿਸ਼ੇਸ਼ ਰੂਪ ਵਿਚ ਘੜੀਆਂ ਹਨ। ਇਹਨਾਂ ਅਖੌਤੀ ਸਭਿਆਚਾਰਕ ਕਦਰਾਂ-ਕੀਮਤਾਂ ਅਤੇ 'ਇੱਜ਼ਤ', 'ਅਣਖ' ਜਿਹੇ ਸੰਕਲਪ ਵਿਹੂਣੇ ਚਿਹਨਾਂ ਦੀ ਪਰਿਕਰਮਾ ਕਰਦੇ ਹੋਏ; 'ਅੱਗ ਦੇ ਕਲੀਰੇ' ਨਾਟਕ ਦੇ ਨਾ-ਕੇਵਲ ਮਰਦ ਪਾਤਰ ਆਪਣੀ ਜਾਨ ਗੁਵਾਉਂਦੇ ਹਨ ਸਗੋਂ ਨਾਰੀ ਪਾਤਰ ਵੀ ਅਤਿ ਦੀਆਂ ਦੁਖਾਂਤਕ ਸਥਿਤੀਆਂ ਵਿਚ ਜੂਨ ਕੱਟਣ ਲਈ ਮਜ਼ਬੂਰ ਹੋ ਜਾਂਦੇ ਹਨ।

'ਅੱਗ ਦੇ ਕਲੀਰੇ' ਨਾਟਕ ਵਿਚ ਨਾਰੀ ਵਿਭਿੰਨ ਸਮਾਜ-ਸਭਿਆਚਾਰਕ ਰਿਸ਼ਤਿਆਂ ਦੀ ਨੁਮਾਇੰਦਗੀ ਕਰਦੀ ਦ੍ਰਿਸ਼ਟੀਗੋਚਰ ਹੁੰਦੀ ਹੈ ਪਰੰਤੂ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਹਰ ਰਿਸ਼ਤੇ ਵਿਚ ਉਸ ਦੀ ਹੋਂਦ ਨੂੰ ਛਾਂਗਿਆ/ਛਿਲਿਆ ਜਾਂਦਾ ਹੈ ਤੇ ਦੁਖਾਂਤਕ ਹੋਣੀ ਦਾ ਭਾਗੀ ਬਣਾ ਦਿੱਤਾ ਜਾਂਦਾ ਹੈ। ਨਾਟਕ ਵਿਚ 'ਮਾਲਾਂ' ਤੇ 'ਬਿਸ਼ਨੀ' ਨਾਰੀ ਪਾਤਰ 'ਮਾਂ' ਤੇ 'ਪਤਨੀ' ਆਦਿ ਸਭਿਆਚਾਰਕ ਰਿਸ਼ਤਿਆਂ ਦੀ ਨੁਮਾਇੰਦਗੀ ਕਰਦੀਆਂ ਹਨ। ਦੋਵੇਂ ਅਤਿ ਦੀਆਂ ਦੁਖਾਂਤਕ ਸਥਿਤੀਆਂ ਵਿਚ ਜਿਉਣ ਲਈ ਮਜ਼ਬੂਰ ਹਨ। ਦੋਹਾਂ ਦੀਆਂ ਦੁਖਾਂਤਕ ਸਥਿਤੀਆਂ ਨੂੰ ਘੜ੍ਹਨ ਵਾਲੇ ਕਾਰਕਾਂ ਦੀ ਸੂਚਨਾ ਨਾਟਕ ਦੇ ਅੰਤਰ-ਪਾਠ ਵਿਚ ਪਈ ਹੈ। ਪਹਿਲਾਂ 'ਮਾਲਾਂ' ਦਾ ਪਤੀ ਤੇ ਫਿਰ ਵੱਡਾ ਪੁੱਤ ਪਿੰਡ ਵਿਚਲੇ ਆਪਣੇ ਦੁਸ਼ਮਣ ਚੱਠਿਆਂ ਨਾਲ ਲੜ੍ਹਦੇ ਹੋਏ ਭਰ-ਜੋਬਨ ਵਿਚ ਆਪਣੀ ਜਾਨ ਗੁਵਾਉਂਦੇ ਹਨ। 'ਮਾਲਾਂ' ਆਪਣੇ ਪਤੀ ਤੇ ਵੱਡੇ ਪੁੱਤ ਦੀ ਮੌਤ ਤੋਂ ਬਾਅਦ ਛੋਟੇ ਪੁੱਤ 'ਕੰਵਰ' ਨੂੰ ਪਾਲਦੀ ਹੋਈ ਅਤਿ-ਦੁਖਾਂਤਕ ਸਥਿਤੀਆਂ ਵਿਚ ਜਿਉਣ ਲਈ ਮਜ਼ਬੂਰ ਹੋ ਜਾਂਦੀ ਹੈ। 'ਮਾਲਾਂ' ਦੀ ਇਸ ਬਨਵਾਸੀ ਹੋਂਦ ਤੇ ਹੋਣੀ ਨੂੰ ਉਸ ਦੇ ਇਹਨਾਂ ਬੋਲਾਂ ਵਿਚੋਂ ਪਛਾਣਿਆਂ ਜਾ ਸਕਦਾ ਹੈ-

ਮਾਲਾਂ: ਮੈਂ ਕਦੀ ਕਿਸੇ ਵੱਲ ਅੱਖ ਚੁੱਕ ਕੇ ਨਹੀਂ ਸੀ ਵੇਖਿਆ। ਮੈਂ ਸਿਰਫ਼ ਤੇਰੇ ਬਾਪ ਵੱਲ ਵੇਖਿਆ ਤੇ ਜਦੋਂ ਉਨ੍ਹਾਂ ਉਸ ਨੂੰ ਮਾਰ ਦਿੱਤਾ ਮੈਂ ਸਿਰਫ਼ ਕੰਧਾਂ ਵੱਲ ਵੇਖਿਆ। ਇਕ ਔਰਤ ਦਾ ਸਿਰਫ਼ ਇਕੋ ਮਰਦ ਹੁੰਦਾ ਹੈ ਤੇ ਬੱਸ। (ਅੱਗ ਦੇ ਕਲੀਰੇ, ਪੰਨਾ 18)

ਮਾਲਾਂ: ਨੀ ਮੈਂ ਤਾਂ ਵੀਹ ਵਰ੍ਹੇ ਹੋ ਗਏ ਏਸ ਪੱਤੀਉਂ ਬਾਹਰ ਪੈਰ ਪਾਇਆ। ਜਦੋਂ ਦਾ ਤੇਰਾ ਜੇਠ ਗੁਜ਼ਰਿਆ ਮੈਂ ਤਾਂ ਬਰੂਹਾਂ 'ਚ ਬੁੱਤ ਈ ਬਣ ਗਈ। (ਅੱਗ ਦੇ ਕਲੀਰੇ, ਪੰਨਾ 20)

ਮਾਲਾਂ: ...ਆਪਣੇ ਅੰਦਰ ਇਕ ਚੀਕ ਨੂੰ ਦਬਾਉਂਦੀ ਮੈਂ ਪਾਗਲ ਹੀ ਤਾਂ ਹੋ ਗਈ ਆਂ। ਤੈਨੂੰ ਮੈਂ ਆਪਣਾ ਅੰਦਰ ਫਰੋਲ ਕੇ ਕਿਵੇਂ ਦਿਖਾ ਦਿਆਂ। ਮੈਂ ਸਾਰੇ ਵੈਣ ਆਪਣੇ ਅੰਦਰ ਦਫ਼ਨ ਕਰ ਲਏ। ਮੈਂ ਤਾਂ ਜਿਵੇਂ ਸਿਰ ਤੋਂ ਪੈਰਾਂ ਤੱਕ ਵੈਣ ਈ ਆਂ। (ਅੱਗ ਦੇ ਕਲੀਰੇ, ਪੰਨਾ 23)

ਇਉਂ ਨਾਟਕ ਵਿਚ 'ਮਾਲਾਂ' ਪਤਨੀ ਤੇ ਮਾਂ ਦੇ ਰੂਪ ਵਿਚ ਸਮਾਜ-ਸਭਿਆਚਾਰਕ ਦਬਾਵਾਂ ਦੀ ਗਰਿਫ਼ਤ ਵਿਚ ਆਈ ਕਰੂਰ ਸਥਿੱਤੀਆਂ ਵਿਚ ਜੂਨ ਕੱਟਣ ਲਈ ਮਜ਼ਬੂਰ ਹੋ ਜਾਂਦੀ ਹੈ। ਉਸ ਦਾ ਦੁਖਾਂਤ ਉਦੋਂ ਹੋਰ ਵੀ ਵਿਕਰਾਲ ਰੂਪ ਅਖਤਿਆਰ ਕਰ ਲੈਂਦਾ ਹੈ ਜਦੋਂ ਉਸ ਦਾ ਛੋਟਾ ਪੁੱਤਰ 'ਕੰਵਰ' ਆਪਣੀ ਮੰਗ ਨੂੰ ਵਿਆਹੁਣ ਜਾਂਦਾ ਹੈ ਪਰੰਤੂ ਉਸ ਦੀ ਮੰਗੇਤਰ 'ਮੀਤਾਂ' ਵਿਆਹ ਵਾਲੇ ਦਿਨ ਹੀ ਆਪਣੇ ਵਿਆਹੇ-ਵਰੇ ਪ੍ਰੇਮੀ 'ਉਜਾਗਰ' (ਚੌਂਠਿਆਂ ਦਾ ਮੁੰਡਾ) ਨਾਲ ਉਧਲ ਜਾਂਦੀ ਹੈ। 'ਕੰਵਰ', 'ਮੀਤਾਂ' ਤੇ 'ਉਜਾਗਰ' ਦਾ ਪਿੱਛਾ ਕਰਦਾ ਹੈ। ਮੁੱਠਭੇੜ ਵਿਚ 'ਕੰਵਰ' ਤੇ 'ਉਜਾਗਰ' ਦੋਵੇਂ ਮਾਰੇ ਜਾਂਦੇ ਹਨ। ਇਸ ਤਰ੍ਹਾਂ 'ਮਾਲਾਂ' ਦੀ ਆਖਰੀ ਆਸ ਦੀ ਕਿਰਨ ਵੀ ਮਿੱਟੀ ਵਿਚ ਗੁਵਾਚ ਜਾਂਦੀ ਹੈ। ਇਸ ਸਥਿਤੀ ਵਿਚ ਦੁੱਖਾਂ ਨੂੰ ਪੀਂਦੇ ਰਹਿਣਾ ਤੇ ਸਭਿਆਚਾਰਕ ਜ਼ਾਬਤਿਆਂ ਦੀਆਂ ਕੰਧਾਂ ਦੀ ਚਾਰ-ਦਿਵਾਰੀ ਵਿਚ ਘਿਰੇ ਰਹਿਣਾ 'ਮਾਲਾਂ' ਦੀ ਹੋਣੀ ਬਣ ਜਾਂਦਾ ਹੈ।

'ਅੱਗ ਦੇ ਕਲੀਰੇ' ਨਾਟਕ ਦਾ ਅਗਲਾ ਮਹੱਤਵਪੂਰਨ ਨਾਰੀ ਪਾਤਰ 'ਸੀਤੋ' ਹੈ। 'ਸੀਤੋ', 'ਉਜਾਗਰ' ਦੀ ਪਤਨੀ ਹੈ ਤੇ 'ਮੀਤਾਂ' ਦੇ ਚਾਚੇ ਦੀ ਧੀ ਹੈ। ਇਕ ਬੱਚਾ ਉਸ ਦੀ ਗੋਦ ਹੈ ਤੇ ਦੂਜੇ ਦੀ ਆਸ ਹੈ। 'ਸੀਤੋ' ਦਾ ਦੁਖਾਂਤ ਇਹ ਹੈ ਕਿ ਉਸ ਦਾ ਪਤੀ 'ਉਜਾਗਰ' ਪਹਿਲਾਂ ਤੋਂ ਹੀ ਉਸ ਦੇ ਤਾਏ ਦੀ ਧੀ 'ਮੀਤਾਂ' ਨੂੰ ਪਿਆਰ ਕਰਦਾ ਰਿਹਾ ਹੈ ਤੇ ਉਹ 'ਮੀਤਾਂ' ਨੂੰ ਅਜੇ ਵੀ ਆਪਣੇ ਅੰਦਰੋਂ ਖਾਰਜ ਨਹੀਂ ਕਰ ਸਕਿਆ। ਇਹੋ ਵਜ੍ਹਾ ਹੈ ਕਿ 'ਉਜਾਗਰ', 'ਸੀਤੋ' ਨੂੰ ਉਸ ਦੇ ਹਿਸੇ ਦਾ ਪਿਆਰ ਤੇ ਸਤਿਕਾਰ ਨਹੀਂ ਦਿੰਦਾ ਸਗੋਂ ਉਸ ਦੀ ਹੋਂਦ ਨੂੰ ਇਕ ਛੁੱਟੜ ਤੀਵੀਂ ਵਾਲੀ ਬਣਾ ਦਿੰਦਾ ਹੈ। ਇਸ ਦੀ ਗਵਾਹੀ 'ਸੀਤੋ' ਵੱਲੋਂ 'ਉਜਾਗਰ' ਨੂੰ ਕਹੇ ਇਹਨਾਂ ਬੋਲਾਂ ਵਿਚੋਂ ਮਿਲਦੀ ਹੈ-

ਸੀਤੋ: ਤੂੰ ਮੇਰੇ ਵੱਲ ਇਸ ਤਰ੍ਹਾਂ ਕਿਉਂ ਵੇਖ ਰਿਹਾਂ ਜਿਵੇਂ ਤੇਰੀਆਂ ਅੱਖਾਂ ਵਿਚ ਸੂਲਾਂ ਉਗ ਆਈਆਂ ਹੋਣ।...ਮੈਨੂੰ ਤਾਂ ਤੂੰ ਅੱਗੇ ਈ ਛੁੱਟੜਾਂ ਵਰਗੀ ਕਰ ਦਿੱਤਾ ਏ। ਪਰ ਮੇਰੇ ਕੁੱਛੜ ਮੁੰਡਾ ਏ ਤੇ ਦੂਜੇ ਦੀ ਆਸ। ਏਸ ਤਰ੍ਹਾਂ ਈ ਨਿਭ ਜਾਏਗੀ। ਮੇਰੀ ਮਾਂ ਦੇ ਨਸੀਬ ਵੀ ਏਹੋ ਜਿਹੇ ਸਨ। (ਅੱਗ ਦੇ ਕਲੀਰੇ, ਪੰਨਾ 50)

ਸਪੱਸ਼ਟ ਹੈ, ਪਤੀ ਦੇ ਜਿਉਂਦੇ-ਜੀਅ ਵੀ 'ਸੀਤੋ' ਦੀ ਸਮਾਜਿਕ ਤੇ ਪਰਿਵਾਰਕ ਹੋਂਦ ਬਨਵਾਸੀ ਪਈ ਹੈ। ਉਪਰੋਕਤ ਨਾਟਕੀ ਵੇਰਵੇ ਵਿਚੋਂ ਨਾਟਕ ਵਿਚਲੀ ਇਕ ਹੋਰ ਤੰਦ ਦ੍ਰਿਸ਼ਟੀਗੋਚਰ ਹੁੰਦੀ ਹੈ ਜੋ ਮੂਲ-ਪਾਠ ਵਿਚ ਅੰਤਰ-ਪਾਠ ਵਾਂਗ ਪਈ ਹੈ। ਮਰਦ-ਪ੍ਰਧਾਨ ਸਮਾਜ-ਸਭਿਆਚਾਰਕ ਪ੍ਰਬੰਧ ਵਿਚ; ਨਾਰੀ ਪੀੜ੍ਹੀ-ਦਰ-ਪੀੜ੍ਹੀ ਸੰਕਟ ਭੋਗਣ ਲਈ ਮਜ਼ਬੂਰ ਹੁੰਦੀ ਹੈ। ਇਹੋ ਵਜ੍ਹਾ ਹੈ ਕਿ ਨਾ-ਕੇਵਲ 'ਸੀਤੋ' ਹੀ ਆਪਣੇ ਪਤੀ (ਮਰਦ) ਦੀਆਂ ਵਧੀਕੀਆਂ ਦੀ ਸ਼ਿਕਾਰ ਹੁੰਦੀ ਹੈ ਸਗੋਂ ਉਸ ਦੀ ਮਾਂ (ਬਚਨੀ) ਵੀ ਆਪਣੇ ਪਤੀ ਦੀਆਂ ਵਧੀਕੀਆਂ ਨੂੰ ਆਪਣੇ ਪਿੰਡੇ 'ਤੇ ਹੰਢਾਉਂਦੀ ਰਹੀ ਹੈ। 'ਸੀਤੋ' ਦਾ ਦੂਹਰਾ ਦੁਖਾਂਤ ਇਹ ਹੈ ਕਿ ਉਹ ਪਤੀ ਦੇ ਹੁੰਦਿਆਂ ਛੁੱਟੜ ਹੋਣ ਦਾ ਅਹਿਸਾਸ ਭੋਗਦੀ ਹੈ ਤੇ ਉਸ ਦੇ ਮਰ ਜਾਣ ਪਿਛੋਂ ਵਿਧਵਾ ਬਣ ਜੂਨ-ਗੁਜ਼ਾਰਾ ਕਰਨਾ ਉਹਦੀ ਹੋਣੀ ਬਣ ਜਾਂਦਾ ਹੈ। 'ਸੀਤੋ' ਦੀ ਹੋਣੀ ਬਣੇ ਸਰਾਪੇ ਜੀਵਨ ਨੂੰ 'ਬਿਸ਼ਨੀ' ਤੇ 'ਸੀਤੋ' ਦੇ ਇਹਨਾਂ ਵਾਰਤਾਲਾਪਾਂ ਵਿਚੋਂ ਸਮਝਿਆ ਜਾ ਸਕਦਾ ਹੈ-

ਸੀਤੋ: ਮਾਂ ਮੈਂ ਜਾ ਕੇ ਆਪ ਦੇਖਣਾ ਚਾਹੁੰਦੀ ਆਂ ਇਹ ਸਭ ਕੁਸ਼ ਕੀ ਹੋਇਆ।

ਬਿਸ਼ਨੀ: (ਜ਼ੋਰ ਨਾਲ) ਦੇਖਣਾ ਕੀ ਏ। ਬੱਸ ਰੋਣਾ ਤੇ ਉਮਰ ਗੁਜ਼ਾਰਨੀ ਪਰ ਬੰਦ ਬੂਹਿਆਂ ਦੇ ਪਿੱਛੇ। ਘਰ ਮੁੜ ਜਾ। ਮਰਨ ਤੱਕ ਪੱਥਰ ਹੋ ਜਾ। ਪੱਥਰ ਵਾਂਗ ਕਠੋਰ ਬਹਾਦਰ ਤੇ ਇੱਕਲੀ। ਨਾ ਜੀਉਂਦੀ ਨਾ ਮੋਈ। ਬੂਹੇ ਬਾਰੀਆਂ ਬੱਜਰ ਬੰਦ ਕਰਕੇ ਜੀਵੇਂਗੀ ਤੂੰ। ਮੀਂਹ ਵਰ੍ਹਨਗੇ। ਪਰ ਕੌੜੇ ਨਦੀਨਾਂ ਨੂੰ ਸਿੰਜਣਗੇ।

ਸੀਤੋ: ਮਾਂ ਕੀ ਹੋਇਆ ਹੋਵੇਗਾ।

ਬਿਸ਼ਨੀ: ਕੁਸ਼ ਵੀ ਹੋਇਆ ਹੋਵੇ। ਬਸ ਤੂੰ ਆਪਣਾ ਚਿਹਰਾ ਢੱਕ ਲੈ ਸਦਾ ਸਦਾ ਲਈ। ਬਸ ਆਪਣੇ ਪੁੱਤਰ ਲਈ ਜੀ ਤੇ ਆਪਣੀ ਸੇਜ 'ਤੇ ਰਾਖ ਨੂੰ ਖਲਾਰ ਲੈ। (ਅੱਗ ਦੇ ਕਲੀਰੇ, ਪੰਨਾ 76-77)

ਜ਼ਾਹਿਰ ਹੈ, ਪਿੱਤਰ-ਸੱਤਾ ਵਲੋਂ ਸਿਰਜੇ ਸਮਾਜ-ਸਭਿਆਚਾਰਕ ਪ੍ਰਤਿਮਾਨ ਨਾਰੀ ਨੂੰ ਜੀਵਨ ਦੇ ਹਰ ਮੁਹਾਜ਼ 'ਤੇ ਹਾਸ਼ੀਆਕ੍ਰਿਤ ਕਰੀ ਰਖਦੇ ਹਨ। ਨਾਰੀ ਇਹਨਾਂ ਪ੍ਰਤਿਮਾਨਾਂ ਦੀ ਜ਼ਕੜਬੰਦੀ ਨੂੰ ਚਾਹ ਕੇ ਵੀ ਤੋੜ ਨਹੀਂ ਸਕਦੀ । ਜੇ ਉਹ ਅਜਿਹਾ ਕਰਨ ਦਾ ਹੀਆ ਕਰਦੀ ਵੀ ਹੈ ਤਾਂ ਸਮਾਜ-ਸਭਿਆਚਾਰਕ ਦਬਾਅ ਉਸ ਨੂੰ ਸਾਹ-ਸੱਤਹੀਣ ਕਰ ਦਿੰਦੇ ਹਨ। ਨਾਟਕ ਵਿਚ ਅਜਿਹੀ ਨਾਰੀ ਦੀ ਨੁਮਾਇੰਦਗੀ ਪ੍ਰੇਮਿਕਾ ਦੇ ਰੂਪ ਵਿਚ 'ਮੀਤਾਂ' ਕਰਦੀ ਹੈ। ਉਹ ਆਪਣੇ ਜ਼ਜਬੇ ਦੇ ਵੱਸ ਵਿਚ ਆਈ ਸਮਾਜ-ਸਭਿਆਚਾਰ ਦੀਆਂ ਅਖੌਤੀ ਤੇ ਗਲਘੋਟੂ ਕਦਰਾਂ-ਕੀਮਤਾਂ ਨੂੰ ਚੁਣੌਤੀ ਦਿੰਦੀ ਹੋਈ ਵਿਆਹ ਵਾਲੇ ਦਿਨ ਆਪਣੇ ਪ੍ਰੇਮੀ 'ਉਜਾਗਰ' ਨਾਲ ਉਧਲ ਜਾਂਦੀ ਹੈ ਪਰੰਤੂ ਸਮਾਜ-ਸਭਿਆਚਾਰਕ ਦਬਾਅ ਉਸ ਦੀ ਦਵੰਦਾਤਮਕ ਹੋਂਦ ਨੂੰ ਹੀ ਨਹੀਂ ਸਿਰਜਦੇ ਸਗੋਂ ਉਸ ਦੇ ਪ੍ਰੇਮੀ ਅਤੇ ਮੰਗੇਤਰ ਦੇ ਕਤਲ ਹੋਣ ਉਪਰੰਤ ਉਸ ਦੀ ਦੁਖਾਂਤਿਕ ਹੋਣੀ ਨੂੰ ਵੀ ਨਿਸ਼ਚਿਤ ਕਰ ਦਿੰਦੇ ਹਨ।

'ਅੱਗ ਦੇ ਕਲੀਰੇ' ਨਾਟਕ ਦੇ ਪਾਠ ਵਿਚੋਂ ਗੁਜ਼ਰਦਿਆਂ ਪਹਿਲੀ ਨਜ਼ਰੇ ਜਾਪਦਾ ਹੈ ਕਿ ਨਾਟਕ ਦੀ ਨਾਇਕਾ 'ਮੀਤਾਂ' ਆਧੁਨਿਕ ਚੇਤਨਾ ਨਾਲ ਪ੍ਰਣਾਈ ਹੋਈ ਨਵੀਂ ਪੀੜ੍ਹੀ ਦੀ ਨਾਰੀ ਦੀ ਨੁਮਾਇੰਦਗੀ ਕਰ ਰਹੀ ਹੈ। ਇਸ ਲਈ ਉਹ ਪਿੱਤਰ-ਸੱਤਾ ਵਲੋਂ ਘੜ੍ਹੇ ਸਮਾਜ-ਸਭਿਆਚਾਰਕ ਨੇਮਾਂ ਤੋਂ ਇਨਕਾਰੀ ਹੈ। ਉਹ ਜਾਣਦੀ ਹੈ ਕਿ ਨਾਰੀ ਦੀ ਹੋਂਦ ਅਤੇ ਹੋਣੀ ਨੂੰ ਨਿਸ਼ਚਿਤ ਕਰਨ ਵਾਲਾ ਮਰਦ ਹੈ ਕਿਉਂਕਿ ਸਮਾਜ-ਸਭਿਆਚਾਰ ਦੇ ਹਰ ਵਰਤਾਰੇ ਅਤੇ ਪ੍ਰਬੰਧ ਵਿਚ ਉਸ ਦੀ ਪ੍ਰਭੁਸੱਤਾ ਬਣੀ ਰਹਿੰਦੀ ਹੈ। ਇਸ ਲਈ ਉਹ ਸਦੀਆਂ ਤੋਂ ਚੱਲੇ ਆ ਰਹੇ ਮਰਦ ਸਿਰਜਤ ਇਸ ਵਰਤਾਰੇ ਨੂੰ ਮਰਦ ਬਣ ਕੇ ਹੀ ਬਦਲਣਾ ਚਾਹੁੰਦੀ ਹੈ-

ਨੌਕਰਾਣੀ: ਤੂੰ ਤਾਂ ਮਰਦਾਂ ਨਾਲੋਂ ਵੀ ਤਕੜੀ ਏਂ।

ਮੀਤਾਂ: ਮੈਂ ਚਾਹੁੰਨੀ ਆਂ ਮੈਂ ਮਰਦ ਹੁੰਦੀ। (ਅੱਗ ਦੇ ਕਲੀਰੇ, ਪੰਨਾ 39)

ਜ਼ਾਹਿਰ ਹੈ, 'ਮੀਤਾਂ' ਨੂੰ ਨਾਰੀ ਦੀ ਹਾਸ਼ੀਆਕ੍ਰਿਤ ਸਥਿਤੀ ਦਾ ਅਹਿਸਾਸ ਹੈ। ਇਹੋ ਵਜ੍ਹਾ ਹੈ ਕਿ ਉਹ ਮਰਦ ਬਣਨਾ ਲੋਚਦੀ ਹੈ। ਸਥਿਤੀ ਦਾ ਯਥਾਰਥ ਇਹ ਹੈ ਕਿ ਮਰਦ ਵਲੋਂ ਸਦੀਆਂ ਤੋਂ ਸਿਰਜੀ ਇਸ ਜਕੜਬੰਦੀ ਨੂੰ ਤੋੜਨਾ ਏਨਾ ਸੌਖਾ ਕਾਰਜ ਨਹੀਂ । ਇਸ ਦਾ ਅਹਿਸਾਸ 'ਮੀਤਾਂ' ਨੂੰ ਵੀ ਹੈ ਜੋ ਉਸ ਦੇ ਧੁਰ ਅਵਚੇਤਨ ਵਿਚ ਨਾਸੂਰ ਵਾਂਗ ਰਿਸਦਾ ਹੈ। ਅਜਿਹੀ ਦਵੰਦਾਤਮਕ ਸਥਿਤੀ ਦੀ ਕਸ਼ਮਕਸ਼ ਵਿਚ ਉਲਝੀ 'ਮੀਤਾਂ' ਨਾਬਰੀ ਦਾ ਰੁਖ ਅਖਤਿਆਰ ਕਰਕੇ ਆਪਣੇ ਪ੍ਰੇਮੀ ਨਾਲ ਵੀ ਜਾਣਾ

ਚਾਹੁੰਦੀ ਹੈ ਤੇ ਬੀਬੀ ਰਾਣੀ ਧੀ ਬਣ ਕੇ ਮਾਪਿਆਂ ਵੱਲੋਂ ਸਹੇੜੇ ਪਤੀ ਨੂੰ ਵੀ ਅਪਣਾਉਣਾ ਚਾਹੁੰਦੀ ਹੈ। ਪਹਿਲਾ ਕਾਰਜ ਇੱਛਤ ਯਥਾਰਥ ਵਾਲਾ ਹੈ ਤੇ ਦੂਜਾ ਪ੍ਰਾਪਤ ਯਥਾਰਥ ਵਾਲਾ ਹੈ। ਦੋਹਾਂ ਹਾਲਤਾਂ ਵਿਚ ਦੁਸ਼ਵਾਰੀਆਂ ਹਨ। ਪਹਿਲਾ ਕਾਰਜ ਨਾਬਰੀ ਵਾਲਾ ਹੈ ਇਸ ਲਈ ਇਹ ਮਰਦ-ਪ੍ਰਧਾਨ ਸਮਾਜ-ਸਭਿਆਚਾਰਕ ਕਦਰ-ਪ੍ਰਬੰਧ ਨੂੰ ਚੁਣੌਤੀ ਦਿੰਦਾ ਹੈ, ਜਿਸ ਦੀ ਸਜਾ 'ਮੀਤਾਂ' ਤੇ ਉਸਦੇ ਪ੍ਰੇਮੀ 'ਉਜਾਗਰ' ਕਤਲ ਵੀ ਹੋ ਸਕਦੀ ਹੈ। ਦੂਜਾ ਕਾਰਜ ਪਿੱਤਰ-ਸੱਤਾ ਦੇ ਅਨੁਕੂਲ ਹੈ ਇਸ ਲਈ ਇਹ ਇੱਛਾ ਨਾਲ ਬਲਦੀ ਨਾਰੀ ਨੂੰ ਬਾਹਰੀ ਪੱਧਰ 'ਤੇ ਸਾਰੀਆਂ ਸਹੂਲਤਾਂ ਪ੍ਰਦਾਨ ਕਰਨ ਦਾ ਭ੍ਰਮ ਸਿਰਜਦਾ ਹੈ ਪਰੰਤੂ ਅਜਿਹੀ ਸਥਿਤੀ ਵਿਚ ਨਾਰੀ ਅੰਦਰੋਂ ਬਨਵਾਸੀ ਜਾਂਦੀ ਹੈ। ਨਾਟਕ ਅਜਿਹੀ ਬਨਵਾਸੀ ਸਥਿਤੀ ਨੂੰ ਸਿਰਜਣ ਵਾਲੇ ਵਿਆਹ-ਪ੍ਰਬੰਧ ਨੂੰ ਚੁਣੌਤੀ ਦਿੰਦਾ ਜਾਪਦਾ ਹੈ। ਜਿਸ ਵਿਚ ਮਰਦ ਤੇ ਔਰਤ ਨੂੰ ਹਰ ਪੱਧਰ 'ਤੇ ਦਬਾਇਆ ਜਾਂਦਾ ਹੈ। ਇਸ ਪਸੰਗ ਵਿਚ ਡਾ.ਜਲੌਰ ਸਿੰਘ ਖੀਵਾ ਦੀ ਇਹ ਧਾਰਨਾ ਦਰੁਸਤ ਨਜ਼ਰ ਆਉਂਦੀ ਹੈ ਕਿ ਸਮਾਜ ਵਲੋਂ ਘੜੇ ਹੋਏ ਨਿਯਮਾਂ ਦੇ ਪ੍ਰਬੰਧਾਂ ਵਿਚ ਸਭ ਤੋਂ ਅਹਿਮ ਤੇ ਮਹੱਤਵਪੂਰਨ ਨਿਯਮ ਵਿਆਹ-ਪ੍ਰਬੰਧ ਹੈ, ਜਿਸ ਅਨੁਸਾਰ ਔਰਤ-ਮਰਦ ਨੂੰ ਇਕ ਨਿਸਚਿਤ ਮਰਿਆਦਾ ਵਿਚ ਨੂੜ ਦਿੱਤਾ ਗਿਆ ਹੈ। ਇਸ ਮਰਿਆਦਾ ਨੂੰ ਨਿਭਾਉਣ ਲਈ ਉਸ ਉਤੇ ਕਰੜੇ ਪਹਿਰੇ ਲਗਾ ਦਿੱਤੇ ਗਏ ਜਿਸ ਦਾ ਫਲਸਰੂਪ ਵਿਆਹ-ਪ੍ਰਬੰਧ ਮਰਿਆਦਾ ਬੱਧ ਹੋ ਗਿਆ ਤੇ ਪਿਆਰ ਸੰਬੰਧ ਇਸ ਮਰਿਆਦਾ ਦੀ ਭੇਟ ਚੜ੍ਹ ਗਏ।[7] ਜ਼ਾਹਿਰ ਹੈ, ਵਿਆਹ-ਪ੍ਰਬੰਧ ਦੇ ਇਹ ਨਿਯਮ 'ਮੀਤਾਂ' ਦੇ ਧੁਰ ਅਵਚੇਤਨ ਤੱਕ ਧਸੇ ਪਏ ਹਨ ਜਿਸ ਕਰਕੇ ਉਹ ਆਪਣੇ ਪ੍ਰੇਮੀ ਨੂੰ ਨਾ ਚਾਹੁੰਦਿਆਂ ਵੀ ਦੁਰਕਾਰ ਰਹੀ ਹੈ-

ਮੀਤਾਂ: ਮਰਦਾਂ ਦਾ ਕੀ ਐ ਉਹ ਤਾਂ ਕਿਸੇ ਵੀ ਕੁੜੀ ਨੂੰ ਉਜਾੜ ਬੀਆਬਾਨ 'ਚ ਸੁੱਟ ਕੇ ਆਪਣਾ ਘੋੜਾ ਭਜਾ ਕੇ ਲਿਜਾ ਸਕਦੇ ਨੇ। ਪਰ ਨਹੀਂ, ਮੇਰੇ ਵਿਚ ਵੀ ਕੁਝ ਅਣਖ ਬਚੀ ਏ, ਏਸੇ ਕਰਕੇ ਮੈਂ ਵਿਆਹ ਕਰਵਾ ਰਹੀ ਆਂ। ਵਿਆਹ ਕਰਵਾ ਕੇ ਆਪਣੇ ਖਾਵੰਦ ਨਾਲ ਰਵਾਂਗੀ, ਆਪਣੇ ਆਲੇ ਦੁਆਲੇ ਕੰਧਾਂ ਕਰ ਲਵਾਂਗੀ...।

(ਅੱਗ ਦੇ ਕਲੀਰੇ, ਪੰਨਾ 47)

ਸਪੱਸ਼ਟ ਹੈ, 'ਮੀਤਾਂ' ਸਥਿਤੀ ਦੇ ਯਥਾਰਥ ਤੋਂ ਵਾਕਿਫ਼ ਹੈ। ਉਸ ਦੁਆਰਾ ਉਚਾਰਿਆ ਗਿਆ ਚਿਹਨ ਖੰਡ 'ਆਪਣੇ ਆਲੇ ਦੁਆਲੇ ਕੰਧਾਂ ਕਰ ਲਵਾਂਗੀ' ਉਨ੍ਹਾਂ ਸਮਾਜ-ਸਭਿਆਚਾਰਕ ਨਿਯਮਾਂ/ਮਰਿਆਦਾਵਾਂ ਨੂੰ ਚਿਹਨਤ ਕਰਦਾ ਹੈ ਜੋ ਮਰਦ-ਪ੍ਰਧਾਨ ਸਮਾਜ ਨੇ ਵਿਆਹੀ ਨਾਰੀ ਲਈ ਪਤੀ-ਬਰਤਾ ਬਣੀ ਰਹਿਣ ਲਈ ਸਿਰਜੇ ਹਨ। ਸਦੀਆਂ ਤੋਂ ਨਾਰੀ ਦੀ ਹੋਂਦ ਅਤੇ ਹੋਣੀ ਨੂੰ ਨਿਸਚਿਤ ਕਰਨ ਵਾਲੇ ਇਹਨਾਂ ਨਿਯਮਾਂ/ਮਰਿਆਦਾਵਾਂ ਨੇ ਨਾਰੀ ਨੂੰ ਧੁਰ ਅਵਚੇਤਨ ਤੱਕ ਹੀਣੀ ਬਣਾ ਦਿੱਤਾ ਹੈ। ਇਹੋ ਵਜ੍ਹਾ ਹੈ ਕਿ ਨਾਰੀ ਮਰਦ ਦੀ ਪ੍ਰਭੁਸੱਤਾ ਅਧੀਨ ਜਿਉਣ ਨੂੰ ਹੀ ਆਪਣੀ ਹੋਣੀ ਸਵਿਕਾਰ ਲੈਂਦੀ ਹੈ। ਇਹੋ ਨਾਰੀ ਦਾ ਸੰਕਟ ਹੈ। ਨਾਟ-ਪਾਠ ਦੇ ਸ਼ੁਰੂ ਵਿਚ ਜਿਹੜੀ 'ਮੀਤਾਂ' ਆਧੁਨਿਕ ਚੇਤਨਾ ਨਾਲ ਪ੍ਰਣਾਈ ਹੋਈ ਨਾਰੀ ਨਜ਼ਰ ਆਉਂਦੀ ਹੈ ਉਹੀ ਨਾਟ-ਪਾਠ ਦੇ ਅੰਤ ਤੱਕ ਸਮਾਜ-ਸਭਿਆਚਾਰਕ ਦਬਾਵਾਂ ਕਰਕੇ ਪਿੱਤਰ-ਸੱਤਾ ਦੇ ਅਨੁਕੂਲ ਚਲਣ ਵਾਲੀ ਪਰੰਪਰਾਵਾਦੀ ਨਾਰੀ ਨਜ਼ਰ ਆਉਣ ਲਗਦੀ ਹੈ। ਉਹੀ ਮਰਦ ਜਿਸ ਨੂੰ ਉਹ ਪ੍ਰੇਮੀ ਦੇ ਰੂਪ ਵਿਚ ਦੁਰਕਾਰ ਰਹੀ ਸੀ ਪਰੰਤੂ ਵਿਆਹ-ਪ੍ਰਬੰਧ ਦੇ ਅੰਤਰਗਤ ਆਉਣ ਦੀ ਇੱਛਾ ਤਹਿਤ ਉਸੇ ਮਰਦ ਦੀ ਅਧੀਨਗੀ ਸਵਿਕਾਰ ਰਹੀ ਹੈ-

ਮੀਤਾਂ: ਮੈਂ ਤੇਰੇ ਪੈਰਾਂ 'ਚ ਪਈ ਰਹਾਂਗੀ। ਤੇਰੇ ਸੁਪਨਿਆਂ 'ਤੇ ਪਹਿਰਾ ਦਿਆਂਗੀ। ਨੰਗੀ, ਦੂਰ ਜੂਹਾਂ ਵੱਲ ਵੇਖਦੀ, ਪਹਿਰਾ ਦਿਆਂਗੀ ਜਿਵੇਂ ਮੈਂ ਕੁੱਤੀ ਹੋਵਾਂ। (ਅੱਗ ਦੇ ਕਲੀਰੇ, ਪੰਨਾ 71)

ਜ਼ਾਹਿਰ ਹੈ, ਮਰਦ-ਪ੍ਰਧਾਨ ਸਮਾਜ-ਸਭਿਆਚਾਰ ਵਾਲੇ ਆਰਥਿਕ-ਪ੍ਰਬੰਧ ਵਿਚ ਆਰਥਿਕ ਵਸੀਲਿਆਂ 'ਤੇ ਮਰਦ ਦਾ ਕਬਜ਼ਾ ਹੋਣ ਕਰਕੇ ਨਾਰੀ ਦੀ ਸਥਿਤੀ ਦੁਜੈਲੀ ਹੀ ਬਣੀ ਰਹਿੰਦੀ ਹੈ। ਇਹੋ ਕਾਰਨ ਹੈ ਕਿ ਉਹ ਜੀਵਨ ਦੇ ਹਰ ਖੇਤਰ ਵਿਚ ਹਾਸ਼ੀਏ 'ਤੇ ਧੱਕੀ ਰਹਿੰਦੀ ਹੈ। ਜੇ ਉਹ ਹਾਸ਼ੀਏ ਤੋਂ ਆਪਣੀ ਇੱਛਾ ਅਨੁਸਾਰ ਕੇਂਦਰ ਵਿਚ ਆਉਂਣਾ ਚਾਹੁੰਦੀ ਹੈ ਤਾਂ ਸਮਾਜ-ਸਭਿਆਚਾਰਕ ਕਦਰਾਂ-ਕੀਮਤਾਂ ਦੇ ਰੂਪ ਵਿਚ ਅਨੇਕ ਅੜਚਨਾ ਉਸ ਦਾ ਰਾਹ ਰੋਕ ਲੈਂਦੀਆਂ ਹਨ। ਇਹੀ ਉਸ ਦੀ ਹੋਣੀ ਹੈ। 'ਮੀਤਾਂ' ਨਾਲ ਵੀ ਅਜਿਹਾ ਹੀ ਵਾਪਰਦਾ ਹੈ। ਜੇ ਉਹ ਵਿਆਹ-ਪ੍ਰਬੰਧ ਦੇ ਨਿਯਮਾਂ ਅਧੀਨ ਪਤੀ ਨੂੰ ਅਪਣਾਉਂਦੀ ਹੈ ਤਾਂ ਨਾਂ ਉਹ ਆਪਣੇ ਆਪ ਨੂੰ ਤੇ ਨਾ ਹੀ ਉਹਦੇ ਪ੍ਰੇਮੀ ਨੂੰ ਪ੍ਰਵਾਨ ਹੈ। ਜੇ ਉਹ ਪ੍ਰੇਮੀ ਨੂੰ ਅਪਣਾਉਂਦੀ ਹੈ ਤਾਂ ਨਾ ਪਤੀ ਨੂੰ ਪ੍ਰਵਾਨ ਹੈ ਤੇ ਨਾ ਸਮੁੱਚੇ ਭਾਈਚਾਰੇ ਨੂੰ । ਅਜਿਹੀ ਦਵੰਦਾਤਮਕ ਸਥਿਤੀ ਵਿਚ ਉਹ ਪ੍ਰੇਮੀ ਨੂੰ ਅਪਣਾਉਣ ਦਾ ਯਤਨ ਕਰਦੀ ਹੋਈ ਸਮਾਜ ਨਾਲ ਟੱਕਰ ਲੈ ਲੈਂਦੀ ਹੈ। ਇਸ ਸਥਿਤੀ ਵਿਚ ਉਸ ਦੇ ਪ੍ਰੇਮੀ ਦਾ ਵੀ ਕਤਲ ਹੋ ਜਾਂਦਾ ਹੈ ਤੇ ਪਤੀ ਦਾ ਵੀ। ਇਉਂ 'ਮੀਤਾਂ' ਦੀ ਹੋਂਦ ਦਵੰਦਾਤਮਕ ਬਣੀ ਰਹਿੰਦੀ ਹੋ ਤੇ ਹੋਣੀ ਅਤਿ ਦੁਖਾਂਤਕ ਬਣ ਜਾਂਦੀ ਹੈ।

ਇਸ ਤਰ੍ਹਾਂ ਇਹ ਨਾਟਕ ਨਾਰੀ ਦੀ ਹੋਂਦ ਅਤੇ ਹੋਣੀ ਨੂੰ ਸਿਰਜਣ ਵਾਲੇ ਅਨੇਕ ਕਾਰਕਾਂ ਦੀ ਨਾ-ਕੇਵਲ ਨਿਸ਼ਾਨਦੇਹੀ ਕਰਦਾ ਹੈ ਸਗੋਂ ਇਹਨਾਂ ਕਾਰਕਾਂ ਨੂੰ ਸਾਕਾਰਤਮਕ ਦਿਸ਼ਾ ਦੇਣ ਲਈ ਸੋਝੀ ਵੀ ਪ੍ਰਦਾਨ ਕਰਦਾ ਹੈ। ਬੇਸ਼ਕ ਇਸ ਨਾਟਕ ਦਾ ਮੂਲ ਸਪੈਨਿਸ਼ ਨਾਟਕਕਾਰ ਫੇਡੇਰੀਕੋ ਗਾਰਸ਼ੀਆ ਲੋਰਕਾ ਦਾ ਨਾਟਕ 'ਬਲੱਡ ਵੈਡਿੰਗ' ਹੈ ਜੋ ਸਪੈਨਿਸ਼ ਸਮਾਜ-ਸਭਿਆਚਾਰ ਨੂੰ ਸਮੱਗਰ ਰੂਪ ਵਿਚ ਪ੍ਰਸਤੁਤ ਕਰਦਾ ਹੈ ਪਰੰਤੂ ਜਿਸ ਵਿਧੀ ਤੇ ਦ੍ਰਿਸ਼ਟੀ ਅਨੁਸਾਰ ਸੁਰਜੀਤ ਪਾਤਰ ਨੇ ਇਸ ਨਾਟਕ ਦਾ ਰੂਪਾਂਤਰ ਕੀਤਾ ਹੈ ਇਹ ਪੰਜਾਬੀ ਸਮਾਜ-ਸਭਿਆਚਾਰ ਦਾ ਮੱਹਤਵਪੂਰਨ ਦਸਤਾਵੇਜ਼ ਨਜ਼ਰ ਆਉਂਦਾ ਹੈ। 'ਅੱਗ ਦੇ ਕਲੀਰੇ' ਨਾਟਕ ਸਪੱਸ਼ਟ ਕਰਦਾ ਹੈ ਕਿ ਨਾਰੀ ਦੀ ਹੋਂਦ ਅਤੇ ਹੋਣੀ ਨੂੰ ਘੜਨ ਵਿਚ ਜਿੱਥੇ ਮਰਦ-ਪ੍ਰਧਾਨ ਸਮਾਜ-ਸਭਿਆਚਾਰ ਦਾ ਆਰਥਿਕ-ਪ੍ਰਬੰਧ ਜ਼ੁੰਮੇਵਾਰ ਹੈ ਉਥੇ ਅਣਖ, ਇੱਜ਼ਤ, ਖੋਰ ਜਿਹੇ ਸੰਕਲਪ ਵਿਹੂਣੇ ਚਿਹਨ ਅਤੇ ਨਾਰੀ ਦੀ ਸਦੀਆਂ ਤੋਂ ਤੁਰੀ ਆਉਂਦੀ ਜਿਹਨੀ ਗ਼ੁਲਾਮੀ ਵੀ ਇਸ ਦਾ ਆਧਾਰ ਬਣਦੀ ਹੈ। ਇਸ ਜਿਹਨੀ ਗ਼ੁਲਾਮੀ ਨੂੰ ਨਾਰੀ ਵਲੋਂ ਮਰਦ ਬਣਕੇ ਜਾਂ ਮਰਦ ਦੀ ਨਕਲ ਕਰਕੇ ਨਹੀਂ ਤੋੜਿਆ ਜਾ ਸਕਦਾ ਸਗੋਂ ਇਸ ਕਾਰਜ ਦਾ ਨੇਪਰੇ ਚੜ੍ਹਨਾ ਨਾਰੀ ਵੱਲੋਂ ਆਪਣੇ ਅੰਦਰੋਂ ਹੀ ਨਾਰੀਤਵ ਦੀ ਪਛਾਣ ਕਰਨ ਵਿਚ ਨਿਹਿਤ ਨਜ਼ਰ ਆਉਂਦਾ ਹੈ।

## ਟਿੱਪਣੀਆਂ ਅਤੇ ਹਵਾਲੇ


1. Raymond Williams, The Long Revolution, Penguin Books, London, 1961, P.271.
2. ਸੁਰਜੀਤ ਪਾਤਰ, ਅੱਗ ਦੇ ਕਲੀਰੇ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2002, ਪੰਨਾ 05.
3. ਉਹੀ, ਪੰਨਾ 06.
4. ਪਾਲੀ ਭੁਪਿੰਦਰ ਸਿੰਘ, ਪੰਜਾਬੀ ਨਾਟ-ਸ਼ਾਸਤਰ, ਯੂਨੀ ਸਟਾਰ ਬੁਕਸ, ਮੁਹਾਲੀ, 2015, ਪੰਨਾ 70.
5. ਸਰਬਜੀਤ ਕੌਰ, ਪੰਜਾਬੀ ਨਾਵਲ ਦਾ ਸਭਿਆਚਾਰਕ ਅਵਚੇਤਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ, 2008 ਪੰਨਾ 81.
6. ਡਾ. ਜਸਪਾਲ ਕੌਰ, 'ਬਲਵੰਤ ਗਾਰਗੀ ਦੇ ਨਾਟਕਾਂ 'ਚ ਨਾਰੀ ਚੇਤਨਾ', ਡਾ. ਰਵੇਲ ਸਿੰਘ (ਸੰਪਾ.), ਬਲਵੰਤ ਗਾਰਗੀ ਦੀਆਂ ਨਾਟ ਜੁਗਤਾਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2017, ਪੰਨਾ 74-75.
7. ਜਲੌਰ ਸਿੰਘ ਖੀਵਾ, ਪੰਜਾਬੀ ਸਭਿਆਚਾਰ: ਵਰਜਿਤ ਸੰਬੰਧਾਂ ਦੀ ਵਾਸਤਵਿਕਤਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012 ਪੰਨਾ 14.



ਅਸਿਸਟੈਂਟ ਪ੍ਰੋਫੈਸਰ, ਯੂਨੀ. ਕਾਲਜ, ਚੁੰਨੀ ਕਲਾਂ, ਫਤਿਹਗੜ੍ਹ ਸਾਹਿਬ

ISSN 2348-2664 Regd. No. RNI : PUNPUN 02830/95

# ਸੁਰਜੀਤ ਪਾਤਰ ਦੀਆਂ ਪੁਸਤਕਾਂ





















